ਹਰਿ-ਮਤ ਮੁਕਾਬਲਾ ਪੇਪਰ ਨੰ-**੧੧**
੧੦ ਪੋਹ ਸ਼ੈ: ਸੰ: ੩੯ (੨੫ ਦਸੰਬਰ ੨੦੦੩)
ਇਟਾਰਸੀ (ਮਧ-ਪ੍ਰਦੇਸ)

ਨਾਮ . . . . . . . . . . . . . . . . . . . . . . . . . . ਆਯੂ . . . . . . . .

ਪਿੰਡ ` ਸ਼ਹਿਰ . . . . . . . . . . . .

★ ★ ★ ★ ★

ਕੁਲ ਅੰਕ : **੧੦੦** ਸਮਾਂ : **੨** ਘੰਟੇ

ਸਵਾਲ ਨੰ ੨੭ : **੫** ਨੰ ਸਵਾਲ ਨੰ ੯੫ : **੨** ਨੰ
ਬਾਕੀ ਸਵਾਲ : **੧** ਨੰ

ਸਲੇਬਸ :
(੧) ਹੁਕਮ ਸ੍ਰੀ ਭਗਵਾਨ
(੨) ਆਮ ਗਿਆਨ

★ ★ ★ ★ ★

੧) ਹਰਿ ਸੰਗਤ ਨੂੰ ਕਿੰਨੇ ਭੰਡਾਰ (ਲੰਗਰ) ਦੀ ਸੇਵਾ ਲਗਾਈ ਹੈ ?
. . . . . . . . . . . . . . . . . . . . . . . . . . . . . . . . . . . . . . . .

੨) ਲੰਗਰ ਤਿਆਰ ਕਰਨ ਸਮੇਂ ਸਭ ਤੋਂ ਪਹਿਲਾਂ ਅਤੇ ਖਤਮ ਹੋਣ ਤੋਂ ਬਾਅਦ ਸਤਿਗੁਰਾਂ ਦਾ ਕੀ ਕਰਨ ਦਾ ਹੁਕਮ ਹੈ ?
. . . . . . . . . . . . . . . . . . . . . . . . . . . . . . . . . . . . . . . .

੩) ਰੋਟੀ ਕਹੇ ਜਿਸ ਵੇਲੇ ਗੁੰਨੋ ਆਟਾ, ਪਾਣੀ ਵਿਚ ਮਿਲਾਈਆ । ਕਿਸੇ ਦਾ ਖੁਲ੍ਹਾ ਨਾ ਹੋਵੇ . . . . . . . . , ਮੇਂਡੀ ਸੀਸ ਗੁੰਦਾਈਆ ।

੪) ਸ਼ਿਵ ਜੀ ਨੇ ਪਾਰਬਤੀ ਨੂੰ ਆਟਾ ਗੁੰਨਣ ਲਈ ਕੀ ਸਮਝਾਇਆ ?
. . . . . . . . . . . . . . . . . . . . . . . . . . . . . . . . . . . . . . . .

੫) ਜੋ ਲੰਗਰ ਵਿਚ ਹੋਵਣ ਸੇਵਾਦਾਰ, ਸੇਵਾ ਪ੍ਰੇਮ ਨਾਲ ਕਮਾਈਆ । ਮੁੱਖੋਂ . . . . . . . ਸਕੇ ਨਾ ਕੋਇ ਉਚਾਰ, ਰਸਨਾ ਫਿਕ ਨਾ ਕੋਇ ਰਖਾਈਆ ।

੬) ਲੰਗਰ ਵਿਚ ਲਾਂਗਰੀ ਹੋ ਕੇ ਰਹੇ, ਲੰਗਰ . . . . . . . . . . ਨਾਲੋਂ ਚੰਗਾ ਨਜ਼ਰੀਂ ਆਈਆ ।

੭) ਖਾਣ ਵਾਲੀ ਵਸਤੂ "ਭੋਜਨ" ਕਦੋ ਬਣਦੀ ਹੈ ?
. . . . . . . . . . . . . . . . . . . . . . . . . . . . . . . . . . . . . . . .

੮) ਜਿਸ ਨੇ ਲੰਗਰ ਵਿਚ ਬਹਿ ਕੇ ਲੰਗਰ ਛਕ ਕੇ ਮਦਿਰਾ ਮਾਸ ਜਾਂ ਚਾਹ ਆਦਿ ਦਾ ਅਹਾਰ ਕਰਨਾ ਹੈ, ਉਸ ਲਈ ਸਤਿਗੁਰਾਂ ਦਾ ਕੀ ਹੁਕਮ ਹੈ ?
. . . . . . . . . . . . . . . . . . . . . . . . . . . . . . . . . . . . . . . .

੯) ਗੁਰਮੁਖੋ . . . . . . . . . . . ਖਾਣਾ ਖਾ ਕੇ ਸੁੱਤੇ ਰਹਿਣਾ ਘੂਕ, ਏਸੇ ਕਾਰਨ ਹਰਿਸੰਗਤ ਤੇਰਾ ਲੰਗਰ ਦਿਤਾ ਬਣਾਈਆ ।

੧੦) ਮੱਥੇ ਟੇਕਣ ਨਾਲੋਂ ਕਿਹੜੀ ਸੇਵਾ ਮਹਾਨ ਹੈ ?
. . . . . . . . . . . . . . . . . . . . . . . . . . . . . . . . . . . . . . . .

੧੧) "ਤੁਸਾਂ ਪ੍ਰੇਮ ਵਿਚ ਪਿਆਰ ਵਿਚ ਸਤਿਕਾਰ ਵਿਚ ਧਰਮ ਦਾ . . . . . . . . ਲੈਣਾ ਖਾ, ਆਪਣਾ ਪੇਟ ਭਰਾਈਆ ।"

੧੨) ਲੰਗਰ ਛਕ ਕੇ ਆਪਣੇ ਬਰਤਨ ਖੁਦ ਸਾਫ ਕਰਨੇ ਚਾਹੀਦੇ ਹਨ ਜਾਂ ਬਰਤਨ ਸਾਫ ਕਰਨ ਲਈ ਕੁਝ ਗੁਰਸਿਖਾਂ ਦੀ ਡਿਉਟੀ ਲਾ ਦੇਣੀ ਚਾਹੀਦੀ ?
. . . . . . . . . . . . . . . . . . . . . . . . . . . . . . . . . . . . . . . .

੧੩) 'ਕੱਤਕ ਕਹੇ ਸਦੀ ਚੌਧਵੀਂ ਦੇ ਮਨੁਸ਼ਾਂ ਨਾਲੋਂ ਚੰਗੇਂ . . . . . . . , ਜੋ ਖਾ ਪੀ ਕੇ ਪ੍ਰਭ ਦਾ ਸ਼ੁਕਰ ਮਨਾਈਆ ।"

੧੪) ਅਮੀਰ ਗੁਰਸਿਖ ਕਿਹੜੇ ਹਨ ਅਤੇ ਗਰੀਬ ਗੁਰਸਿਖ ਕਿਹੜੇ ਹਨ ?

. . . . . . . . . . . . . . . . . . . . . . . . . . . . . . . . . . . . . . . . .

੧੫) ਦਿਵਾਲਾ ਕਿਹੜੇ ਗੁਰਸਿਖਾਂ ਦਾ ਨਿਕਲ ਰਿਹਾ ਜਾਂ ਨਿਕਲ ਗਿਆ ?

. . . . . . . . . . . . . . . . . . . . . . . . . . . . . . . . . . . . . . . . .

੧੬) "ਬੇਮੁਹਾਰਾ ਪਿਆ ਚਲ, ਬੇਘਰਾ ਘਰ ਘਰ ਨਜਰੀਂ ਆਈਆ ।" ਕੌਣ ?

. . . . . . . . . . . . . . . . . . . . . . . . . . . . . . . . . . . . . . . . .

੧੭) "ਨਿਰਗੁਣ ਜੋਤ ਪੁਰਖ ਅਕਾਲ" ਨੂੰ ਇਸ਼ਟ ਮੰਨਣ ਵਾਲਾ ਕਿਥੇ ਕਿਥੇ ਮੱਥਾ ਟੇਕ ਸਕਦਾ ਹੈ ?

. . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . .

੧੮) ਬਾਣੀ ਦੇ ਗ੍ਰੰਥਾਂ ਨੂੰ ਪ੍ਰਕਾਸ਼ ਕਰ ਕੇ ਮੱਥਾ ਟੇਕਣਾ, ਸਿੰਘਾਸਣ ਉਪਰ ਫੋਟੋ ਸਜਾ ਕੇ ਮੱਥਾ ਟੇਕਣਾ ਜਾਂ ਕਿਸੇ ਮੰਦਰ ਵਿਚ ਜਾ ਕੇ ਘੰਟੀ ਵਜਾ ਕੇ ਮੂਰਤੀ ਅਗੇ ਨਿਮਸਕਾਰ ਕਰਨ ਵਿਚ ਕੀ ਕੋਈ ਫਰਕ ਹੈ ?

. . . . . . . . . . . . . . . . . . . . . . . . . . . . . . . . . . . . . . . . .

੧੯) ਗ੍ਰੰਥਾਂ ਨੂੰ ਪ੍ਰਕਾਸ਼ ਕਰ ਕੇ ਜਾਂ ਸਿੰਘਾਸਣ ਉਪਰ ਫੋਟੋ ਸਜਾ ਕੇ ਮੱਥਾ ਟੇਕਣਾ, ਸਤਿਗੁਰਾਂ ਦੇ ਹੁਕਮ ਦੀ ਪਾਲਣਾ ਹੈ ਜਾਂ ਅਵਗਿਆ ?

. . . . . . . . . . . . . . . . . . . . . . . . . . . . . . . . . . . . . . . . .

੨੦) "ਸਤਿਗੁਰ ਨਾਨਕ ਦੀ ਇਕ ਗੱਲ ਜੇ ਕੋਈ ਮੰਨੇ ਨਾ ਡੁੱਬੇ ਵਿਚ ਸੰਸਾਰ" ਉਹ ਕਿਹੜੀ ਇਕ ਗੱਲ ਹੈ ?

. . . . . . . . . . . . . . . . . . . . . . . . . . . . . . . . . . . . . . . . .

੨੧) "ਤੁਸੀਂ ਬੇਨੰਤੀਆਂ ਰੋਜ਼ ਕਰੋ ਤੇ . . . . . . . . ਦੀ ਤੁਹਾਡੇ ਅੱਗੇ ਇਕ ਅਰਜ਼, ਇਕੋ ਵਾਰ ਸੁਣਾਈਆ । ਸਾਰਿਆਂ ਬੋਲਣਾ ਜ਼ੋਰ ਨਾਲ ਗਰਜ, ਬਿਨਾ ਪ੍ਰਭੂ ਤੋਂ ਸੀਸ ਨਾ ਕਿਸੇ ਝੁਕਾਈਆ ।"

੨੨) ਸਗਨ ਅਤੇ ਸ਼ਾਦੀਆਂ ਲਈ ਸਤਿਗੁਰਾਂ ਸਭ ਤੋਂ ਉਤਮ ਤੇ ਸ੍ਰੇਸ਼ਟ ਤਰੀਕ ਕਿਹੜੀ ਕਿਹੜੀ ਦੱਸੀ ਹੈ ?

ੳ) . . . . . . . . . . . . . . . . . . . . . . . . . ਅ) . . . . . . . . . . . . . . . .

੨੩) ਕੀ ਆਮ ਹਾਲਾਤ ਵਿਚ ਬਾਕੀ ਦੇ ਦਿਨਾਂ ਵਿਚ ਸਗਨ ਅਤੇ ਸ਼ਾਦੀਆਂ ਲਈ ਸਤਿਗੁਰਾਂ ਦੀ ਆਗਿਆ ਹੈ ?

. . . . . . . . . . . . . . . . . . . . . . . . . . . . . . . . . . . . . . . . .

੨੪) ਕੀ ਲਾੜੀ ਤੇ ਲਾੜਾ ਸ਼ਾਦੀਆਂ ਸਮੇਂ ਇਕੱਲੇ ਇਕੱਲੇ ਇਸ਼ਨਾਨ ਕਰ ਸਕਦੇ ਹਨ ?

. . . . . . . . . . . . . . . . . . . . . . . . . . . . . . . . . . . . . . . . .

੨੫) ਕੀ ਪੰਜਾਂ ਜੈਕਾਰਿਆਂ ਨਾਲ ਸਗਨ ਦੀ ਰਸਮ ਕੀਤੀ ਜਾ ਸਕਦੀ ਹੈ ?

. . . . . . . . . . . . . . . . . . . . . . . . . . . . . . . . . . . . . . .

੨੬) ਕੀ ਪੰਜਾਂ ਜੈਕਾਰਿਆਂ ਨਾਲ ਸ਼ਾਦੀ ਦੀ ਰਸਮ ਕੀਤੀ ਜਾ ਸਕਦੀ ਹੈ ?

. . . . . . . . . . . . . . . . . . . . . . . . . . . . . . . . . . . . . . .

੨੭) ਸਗਨਾਂ ਵਾਲੀਆਂ ਵਸਤੂਆਂ ਵਿਚੋਂ ਕਿਸੇ ਪੰਜ ਦੇ ਨਾਮ ਲਿਖੋ ?

੧ . . . . . . . . . . . . . . . ੨ . . . . . . . . . . . . . . . ੩ . . . . . . . . . . . . . .

੪ . . . . . . . . . . . . . . . ੫ . . . . . . . . . . . . . . .

੨੮) "ਸਤਿਗੁਰ ਪੂਰੇ ਨੂੰ ਆਵੇ . . . . . . . . . , ਜਿਸ ਦਾ ਕੀਤਾ ਪਿਛਲੇ ਰਹੇ ਉਲਟਾਈਆ ।"

੨੯) ਅਨੰਦ ਕਾਰਜ ਸਮੇਂ ਓਥੇ ਹਾਜਰ ਭਗਤਾਂ ਲਈ ਸਤਿਗੁਰਾਂ ਦਾ ਕੀ ਹੁਕਮ ਹੈ ?

. . . . . . . . . . . . . . . . . . . . . . . . . . . . . . . . . . . . . . .

੩੦) ਕੀ ਅਨੰਦ ਕਾਰਜ ਸਮੇਂ ਕਿਸੇ ਗ੍ਰੰਥੀ, ਕਾਜੀ, ਪੰਡਤ, ਜਾਂ ਲਿਖਾਰੀ ਆਦਿ ਦੀ ਹਾਜਰੀ ਜਰੂਰੀ ਹੈ ?

. . . . . . . . . . . . . . . . . . . . . . . . . . . . . . . . . . . . . . .

੩੧) ਸਚਾ ਗਹਿਣਾ ਕਿਹੜਾ ਹੈ ?

. . . . . . . . . . . . . . . . . . . . . . . . . . . . . . . . . . . . . . .

੩੨) ਹਰਿ ਸੰਗਤ ਦੇ ਸਤਿਗੁਰਾਂ ਨਾਲ ਕੀਤੇ ਵਾਅਦਿਆਂ ਵਿਚੋਂ ਕੋਈ ਇਕ ਵਾਅਦਾ ਲਿਖੋ ?

. . . . . . . . . . . . . . . . . . . . . . . . . . . . . . . . . . . . . . .

੩੩) ਲੋਕ ਲੱਜਿਆ ਛੱਡੋ ਕਰਕੇ ਵੱਡਾ ਜੇਰਾ, ਕਦੋਂ ?

. . . . . . . . . . . . . . . . . . . . . . . . . . . . . . . . . . . . . . .

੩੪) ਬਿਨਾ ਪ੍ਰਭੂ ਤੋਂ ਗਾਉਂਣੀ ਨਹੀਂ ਕਿਸੇ ਦੀ ਵਾਰਾ, ਵਰਕਾ ਵਰਕਾ ਨਾ ਕੋਇ ਉਲਟਾਈਆ । ਕਦੋਂ ?

. . . . . . . . . . . . . . . . . . . . . . . . . . . . . . . . . . . . . . .

੩੫) ਸਗਨ ਤੇ ਸ਼ਾਦੀਆਂ ਸਮੇਂ, "ਜਿਨ੍ਹਾਂ ਦਾ ਸਤਿਗੁਰ ਦੇ ਚਰਨਾ ਵਿਚ ਭਰਵਾਸਾ" ਨਹੀਂ, ਕੀ ਉਨ੍ਹਾਂ ਨੂੰ ਨਾਲ ਲਿਆਂਦਾ ਜਾ ਸਕਦਾ ਹੈ ?

. . . . . . . . . . . . . . . . . . . . . . . . . . . . . . . . . . . . . . .

੩੬) ਕੀ ਸ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿਚ "ਪਾਰਟੀ" ਆਦਿ ਕਰਨ ਜਾਂ ਦਾਜ ਦੌਣ ਦੇਣ ਦੀ ਇਜਾਜਤ ਹੈ ?

. . . . . . . . . . . . . . . . . . . . . . . . . . . . . . . . . . . . . . .

੩੭) "ਕੂੜੀ ਰੀਤੀ ਦਾ ਲੱਕ ਦੇਣਾ ਤੋੜ" ਕੀਹਨਾਂ ਨੂੰ ਹੁਕਮ ਹੈ ?

. . . . . . . . . . . . . . . . . . . . . . . . . . . . . . . . . . . . . . .

੩੮) "ਜੋੜਿਆਂ ਵਿਚ ਜਿੱਲਤ" ਭਾਵ ਬੇਇਜਤੀ, ਖਵਾਰੀ ਕਿਉਂ ਹੁੰਦੀ ਹੈ ?

. . . . . . . . . . . . . . . . . . . . . . . . . . . . . . . . . . . . . . .

੩੯) ਕੀ ਹਰਿ ਸੰਗਤ ਦੇ ਗੁਰਮੁਖਾਂ ਦੀ ਸ਼ਾਦੀ ਸੰਗਤ ਤੋਂ ਬਾਹਰ ਕੀਤੀ ਜਾ ਸਕਦੀ ਹੈ ?
. . . . . . . . . . . . . . . . . . . . . . . . . . . . . . . . . . . . . . . .

੪੦) "ਵੇਖਿਓ ਪ੍ਰਭ ਦੇ ਸਾਹਮਣੇ ਬੁੱਧੀ ਦੀ ਦੱਸਿਓ ਕੋਈ ਨਾ ਲਿਆਕਤ, ਅਕਲ ਦੀ ਅਕਲ ਨਾ ਕੋਇ ਦ੍ਰਿੜਾਈਆ । ਸਦਾ ਰਹਿਣਾ . . . . . . ਮੁਤਾਬਕ, ਮਤਲਾ ਕਰ ਕੇ ਦਿਆਂ ਦ੍ਰਿੜਾਈਆ ।'

੪੧) "ਤੁਹਾਡੇ ਉਤੇ . . . . . . . . . ਦੀ ਧਰਮ ਨਾਲ ਆਸ, ਪਿਆਰ ਮੁਹੱਬਤ ਨਾਤਾ ਲੈਣਾ ਜੁੜਾਈਆ ।"

੪੨) "ਏਸ ਤੋਂ ਪੜ੍ਹਿਆਂ ਸੁਣਿਆਂ ਮਾਰਗ ਮਿਲਦਾ ਜਿਥੇ ਮਿਲੇ ਪੁਰਖ ਸਮਰੱਥ, ਓਸ ਮੰਜ਼ਲ ਚੜ੍ਹ ਕੇ ਗੁਰਮੁਖੋ ਦਰਸ਼ਨ ਲੈਣਾ ਪਾਈਆ । ਜੇ ਐਵੇਂ ਖਾਲੀ ਟੇਕੀ ਜਾਓ ਮੱਥ, ਮੱਥੇ ਟੇਕਿਆਂ ਹੱਥ ਕੁਛ ਨਾ ਆਈਆ ।" ਇਹ ਸ਼ਬਦ ਕਿਸ ਪ੍ਰਥਾਏ ਕਹੇ ਗਏ ਹਨ ?
. . . . . . . . . . . . . . . . . . . . . . . . . . . . . . . . . . . . . . . .

੪੩) ਹਰਿ ਬਾਣੀ ਵਿਚ "ਸਚ ਸਿੰਘਾਸਣ" ਸਤਿਗੁਰਾਂ ਕਿਸ ਨੂੰ ਕਿਹਾ ਹੈ ? . . . . . . . . . . . . . . . . . . . . . . . . . . . . . . . . . . . . . . . . .

੪੪) ਭਗਤ ਸਰੀਰ ਛੱਡੇ ਤੇ ਗੁਰਮੁਖਾਂ . . . . . . . . . ., ਰੋਣ ਵਾਲੀ ਨੀਤ ਦੇਣੀ ਬਦਲਾਈਆ ।

੪੫) ਕੀ ਮ੍ਰਿਤਕ ਸਰੀਰ ਨੂੰ ਦਫਨਾਇਆ ਜਾਂ ਜਲ ਪ੍ਰਵਾਹ ਕੀਤਾ ਜਾ ਸਕਦਾ ਹੈ ? . . . . . . . . . . . . . . . . . . . . . . . . . . . . . . . . . . . .

੪੬) "ਜੋ ਦਰ ਆਏ . . . . . . . . ਰੋ ਕਰੇ ਕੁਰਲਾਨ, ਤਿਸ ਦਵਾਰਿਉਂ ਬਾਹਰ ਦਏ ਕਢਾਈਆ ।"

੪੭) "ਗੁਰਸਿਖ ਜੋ . . . . . . . ਰੋਵੇ, ਤਿਸ ਮਿਲੇ ਨਾ ਮੇਲ ਭਗਵਾਨਾ । ਮਾਣਸ ਜਨਮ ਜਗ ਵਿਚ ਖੋਵੇ, ਜਨਮ ਜਨਮ ਹੋਏ ਹੈਰਾਨਾ ।"

੪੮) ਕੀ ਕਿਸੇ ਗੁਰਸਿਖ ਦੇ ਸਰੀਰ ਛੱਡਣ ਤੋਂ ਕੁਝ ਦਿਨ ਬਾਅਦ "ਸਤਿਸੰਗ" ਰੱਖਣਾ ਜਰੂਰੀ ਹੈ ?
. . . . . . . . . . . . . . . . . . . . . . . . . . . . . . . . . . . . . . . .

੪੯) ਕਿਸੇ ਵੀ ਹਰਿ ਭਗਤ ਦਵਾਰ ਜਾ ਕੇ ਮ੍ਰਿਤਕ ਪ੍ਰਥਾਏ ਪ੍ਰਸਾਦ ਕਰਾਉਣਾ ਜਰੂਰੀ ਹੈ ?
. . . . . . . . . . . . . . . . . . . . . . . . . . . . . . . . . . . . . . . .

੫੦) ਜੋ ਪੜ੍ਹ ਪੜ੍ਹ ਕੇ ਦੂਸਰਿਆਂ ਨੂੰ ਦੱਸਦੇ ਹਨ ਪਰ ਆਪ ਅਮਲ ਨਹੀਂ ਕਰਦੇ, ਉਹਨਾਂ ਨੂੰ ਸਤਿਗੁਰਾਂ ਕੀ ਸਜਾ ਲਿਖਾਈ ਹੈ ?
. . . . . . . . . . . . . . . . . . . . . . . . . . . . . . . . . . . . . . . .

੫੧) "ਮੁਰਗ਼ੀਖ਼ਾਨਾ ਬਣਾ ਵਿਚ ਰਖਾਏ ਕਾਕ ਹੈਂਨ, ਐਗ ਸਭ ਦੇ ਭੰਨ ਵਖਾਇੰਦਾ । ਲੇਖਾ ਜਾਣੇ ਸ਼ੀ ਹੀ ਮੈਂਨ, ਮੈਨ ਆਪਣਾ ਭੇਵ ਖੁਲ੍ਹਾਇੰਦਾ ।" ਕੀਹਨਾਂ ਨੂੰ ?
. . . . . . . . . . . . . . . . . . . . . . . . . . . . . . . . . . . . . . . .

੫੨) “ਮਾਣਸ ਹੋ ਕੇ ........ ਜੋ ਖਾਵੇ । ਕੂਕਰ ਸ਼ੂਕਰ ਦੀ ਜੂਨ ਨਿੱਤ ਪਾਵੇ ।

੫੩) “ਰਸਨਾ ...... ਜੋ ਗੁਰਸਿਖ ਲਾਏ, ਦਰ ਦਰਬਾਰ ਨਾ ਆਏ, ਮੁਖ ਕਾਲਾ ਮਾਤ ਕਰਾਏ, ਗੁਰ ਸੰਗਤ ਧੱਕੇ ਲਾਈਆ ।

੫੪) ਕੋਕ, ਪੈਪਸੀ ਜਿਸ ਵਿਚ ਚਾਹ ਵਾਲੇ ਤਤ ਕੌਫੀਨ ਆਦਿ ਹੁੰਦੇ ਹਨ, ਕੀ ਅਸੀਂ ਪੀ ਸਕਦੇ ਹਾਂ ?
..........................................

੫੫) “ਸਭ ਨੇ ਬਸਤਰ ਪਹਿਨਣੇ ਚਿੱਟੇ, ਚਿੱਟੀ ਧਾਰ ਸਮਾਈਆ । ਕਿਸੇ ਨੇ ........... ਨਹੀਂ ਪੱਥਰ ਵੱਟੇ, ਇੱਟਾਂ ਸੀਸ ਨਿਵਾਈਆ । ਕਿਸੇ ਚੜ੍ਹੌਣੇ ਨਹੀਂ ਟਕੇ, ਭੇਟਾ ਵਿਚ ਵਡਿਆਈਆ ।

੫੬) “ਸੋਇਆ ਰਹੇ ਨਾ ਕੋਇ ਅੰਞਾਣ, ਬੁੱਧੀ ਬਿਬੇਕ ਦਿਆਂ ਬਣਾਈਆ । ਜਿਨ੍ਹਾਂ ਪੱਥਰਾਂ ਇੱਟਾਂ ਕਾਗਜਾਂ ਨੂੰ ਮੰਨਿਆਂ ............., ਤਿਨ੍ਹਾਂ ਨੂੰ ਬਿਨਾ ਸ਼ਹਾਦਤਾਂ ਦਿਆਂ ਸਜ਼ਾਈਆ ।”

੫੭) “ਇਕੋ ਮੰਨੋ ਪੁਰਖ ਸਮਰੱਥ, ਅਕਾਲ ਪੁਰਖ ਵੱਡੀ ਵਡਿਆਈਆ । ਨਾਤਾ ਤੋੜੋ ਪੰਜ ਤੱਤ, ਪੰਜ ਤੱਤ ਗੁਰੂ ਨਾ ਕੋਇ ਅਖਵਾਈਆ । ਸ਼ਬਦ ਗੁਰੂ ਹਰ ਘਟ ਰਿਹਾ ਵਸ, ...... ਖੋਜੋ ਸੱਜਣ ਭਾਈਆ ।”

੫੮) “ਸ਼ਬਦ ਗੁਰੂ ਨਾਤਾ ਨਾਲ ਦੇਹ, ....... ਸ਼ਬਦ ਗੁਰੂ ਅਖਵਾਈਆ । ਨਿਰਗੁਣ ਸਰਗੁਣ ਲੱਗੇ ਨੇਹ, ਦੋ ਜਹਾਨ ਵੱਜੇ ਵਧਾਈਆ ।

੫੯) “................ ਇਕ ਦੂਜੇ ਨਾਲ ਸਦਾ ਕਰੇ ਪਿਆਰ, ਮੁਹੱਬਤ ਵਿਚ ਸਮਾਈਆ । ਚੁਗਲੀ ਨਿੰਦਿਆ ਵਿਚੋਂ ਹੋ ਜਾਓ ਬਾਹਰ, ਕੂੜੀ ਕਿਰਿਆ ਕੰਮ ਕਿਸੇ ਨਾ ਆਈਆ ।

੬੦) ਬਿਨਾ ਨਾਰ ਕੰਤ ਤੋਂ ਬਾਕੀ ਸਾਰੇ ਭਾਈ ਭੈਣ, ਨੇਤਰ ਅੱਖ ਨਾ ਕੋਇ ਬਦਲਾਈਆ । ਧਰਮ ਦੀ ਧਾਰ ........ ਦਾ ਵਹਿਣ, ਤੁਸਾਂ ਜਗਤ ਦੇਣਾ ਵਹਾਈਆ ।”

੬੧) “............. ਦਾ ਹੁਕਮ ਮੰਨਣਾ ਸਭ ਤੋਂ ਵਡੀ ਫ਼ਕੀਰੀ, ਇਕੋ ਫ਼ਿਕਰੇ ਵਿਚ ਦੋ ਜਹਾਨ ਦਾ ਲੇਖਾ ਦਏ ਮੁਕਾਈਆ । ਸ਼ਰਅ ਦੀ ਗਲੋਂ ਕੱਟ ਦੇਵੇ ਜ਼ੰਜੀਰੀ, ਜਗਤ ਸੰਗਲ ਦਏ ਤੁੜਾਈਆ ।”

੬੨) “ਸਿਖੀ ਸੋ ਪਰਵਾਨ, ਜਿਨ੍ਹਾਂ ਸਿਖਿਆ .......... ਭਾਈਆ ।

੬੩) ਸੋ ਸਿਖੀ ....... ਨਿਸ਼ਾਨ, ਦੁਰਮੱਤ ਮੈਲ ਨਾ ਸਕੇ ਧੁਆਈਆ । ਰਸਨਾ ਜਿਹਵਾ ਕਰਨ ਗਿਆਨ, ਹਿਰਦੇ ਹਰਿ ਨਾ ਕੋਇ ਵਸਾਈਆ ।

੬੪) “ਸਾਚਾ ਹੁਕਮ ਸੁਣੋ ਹਰਿ ਸੰਗਤ, ਸਚ ਸਚ ਸਮਝਾਈਆ । ਅੱਗੇ ਵੇਖਣਾ ਨਹੀਂ ਕੋਈ ਪੰਡਤ, .......... ਹੱਥ ਨਾ ਕਿਸੇ ਫੜਾਈਆ ।

੬੫) "ਜਿਹੜੇ ਕਹਿੰਦੇ ਸਾਨੂੰ ਮਿਲਿਆ ਨੇਤਰ ਗਿਆਨ, ਬਿਨ ਗਿਆਨ ਤੋਂ ਗਿਆਨ ਬਣਾਈਆ । ਧੋਖਾ ਕਰਦੇ ਨਾਲ ਸ੍ਰੀ ਭਗਵਾਨ, ਜੀਵਾਂ ਜੰਤਾਂ ਰਹੇ ਭੁਲਾਈਆ । ਓਨ੍ਹਾਂ ਦਾ ਲੇਖਾ ਚੁੱਕਣਾ ਆਣ, ਆਨਨ ਫਾਨਨ ਕਰੇ ਸਫ਼ਾਈਆ । ਸ਼ੂਕਰ ਜੂਨ ਓਨ੍ਹਾਂ ਨੂੰ ਕਰਨੀ ਪਏ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਇਹ ਵੀ ਖੇਲ ਮਿਹਰਵਾਨ, ਜੋ ਮਿਹਰ ਕਰ ਕੇ ........ ਦੀ ਝੋਲੀ ਪਾਈਆ ।

੬੬) "............. ਜੇ ਤੁਹਾਡੇ ਕੋਲ ਆ ਗਿਆ ਕੂੜ ਕੁੜਿਆਰਾ ਤੇ ਸ਼ੈਤਾਨ, ਸ਼ਰਅ ਸਚ ਦੀ ਸਚ ਨਾਲੋਂ ਤੁੜਾਈਆ । ਫੇਰ ਤੁਹਾਨੂੰ ਜਰੂਰ ਸਤਿਗੁਰ ਦੇ ਹੁਕਮ ਭੁੱਲਿਆਂ ਚੁਰਾਸੀ ਦਾ ਜਰੂਰ ਭੁਗਤਣਾ ਪਏ ਭੁਗਤਾਨ, ਅੱਗੇ ਹੋ ਨਾ ਕੋਇ ਛੁਡਾਈਆ ।

੬੭) "ਗੁਰਸਿਖ ............ ਨੂੰ ਕੋਈ ਨਾ ਕਹੇ ਮਾੜਾ, ਪ੍ਰੇਮ ਪਿਆਰ ਵਿਚ ਇਕ ਦੂਜੇ ਨੂੰ ਲਉ ਸਮਝਾਈਆ ।

੬੮) "ਸਿੱਖ ਨਾਲ ....... ਲੜੇ ਹੋਏ ਗਵਾਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜਗਤ ਦੁਹਾਗਣ ਨਾਰ ਵਿਭਚਾਰ, ਜੋ ਬੈਠੀ ਕੰਤ ਭੁਲਾਈਆ ।"

੬੯) "ਗੁਰਮੁਖੋ ਗੁਰਸਿਖੋ ਜਨ ਭਗਤੋ ਸਾਚੇ ਸੰਤੋ ਸਤਿਗੁਰ ਮੰਜ਼ਲ ......... ਹਦੂਦ, ਜਗਤ ਵੰਡ ਨਾ ਕੋਇ ਵੰਡਾਈਆ ।"

੭੦) "ਓਹ ਪੈਗੰਬਰ ਕਾਹਦਾ ਓਹ ਪੀਰ ਕਾਹਦਾ ਓਹ ਪਿਓ ਕਾਹਦਾ ਓਹ ਪੁੱਤ ਕਾਹਦਾ ਜਿਸ ਦਾ ਧਰਮ ਦਾ ਨਾ ਵਧੇ ........ ਸਚ ਵਿਚ ਸੁਚ ਨਾ ਕੋਇ ਸਮਾਈਆ ।"

੭੧) "ਕਥਾ ਸੁਣਨੀ ਚੰਗੀ ਨਹੀਂ ਬੜੀ, ਬੜਾ ਸੋ ਜੋ ਇਸ ਦੇ ਉਤੇ ........... ਲਏ ਕਮਾਈਆ ।"

੭੨) "ਦੁਨੀਆਂ ਪੂਜੇ ਜੰਡ ਕਰੀਰ, ਪੱਥਰਾਂ ਸੀਸ ਨਿਵਾਈਆ । ਮਕਬਰਿਆਂ ਨੂੰ ਮੰਨ ਕੇ ਪੀਰ, ਨਿਆਜ਼ਾਂ ਰਹੇ ਚੜ੍ਹਾਈਆ । ਅੱਖਰਾਂ ਦੀ ਬਣਾ ਕੇ ਬੀੜ, ਓਸੇ ਨੂੰ ਸੀਸ ਝੁਕਾਈਆ । ਮੰਜ਼ਲ ਚੜ੍ਹਿਆ ਨਾ ਕੋਇ ਅਖ਼ੀਰ, ਮਜ਼੍ਹਬਾਂ ਵੰਡ ਵੰਡਾਈਆ ।" ਕਿਹੜੇ ਭਗਤ ਨੇ ਕਿਹਾ ?

੭੩) "ਮੈਂ ਚਾਹੁੰਦਾ ਤੇਰਿਆਂ ਭਗਤਾਂ ਦਾ ਕੋਈ ਨਾਂ ਕਦੇ ਸੱਦੇ ਨਾ ........, ਪੂਰਾ ਖੁਸ਼ੀਆਂ ਨਾਲ ਗਾਈਆ ।"

੭੪) "ਸੋਹੰ ਅੱਖਰੀ ਜਾਪ ....... ਦਾ ਗਾਉਂਣਾ, ਸਿਫ਼ਤੀ ਢੋਲੇ ਗਾਈਆ । ਭਗਤਾਂ ਸੋਹੰ ਰੂਪ ਸਰੂਪ ਵਿਚ ਸਮਾਉਂਣਾ, ਆਪਣਾ ਆਪ ਮਿਟਾਈਆ ।

੭੫) ਪ੍ਰਮਾਤਮਾ ਕਿਸ ਨਾਲ ਸਲਾਹ ਕਰਦਾ ਹੈ ?

੭੬) "........... ਨੂੰ ਚੜ੍ਹਾਵੇ ਕੋਈ ਨਾ ਟਕੇ, ਟਕਿਆਂ ਵਾਲੀ ਕੀਮਤ ਨਾ ਕੋਇ ਰਖਾਈਆ ।"

੭੭) "ਯਾਦ ਰੱਖਿਓ ਅੱਗੇ ਨੂੰ ........... ਨੂੰ ਧੱਕਿਓ ਨਾ ਕਿਸੇ ਪਿਛਲੇ ਕੋਠੇ, ਜਿਥੇ ਮੱਛਰ ਮੱਖੀਆਂ ਦੇਣ ਸਤਾਈਆ ।"

੭੮) "ਚੌਵੀਏ ਅਵਤਾਰ ਦਾ ਸਰਦਾਰ" ਇਹ ਪਦਵੀ ਸਤਿਗੁਰਾਂ ਕਿਸ ਗੁਰਸਿਖ ਨੂੰ ਬਖ਼ਸ਼ੀ ?

੭੯) ਜਨਮ ਜਨਮ ਦੀ ਮੈਲ ਲਾਹੁਣ ਦਾ ਸਤਿਗੁਰਾਂ ਕੀ ਤਰੀਕਾ ਦੱਸਿਆ ?

੮੦) "ਸਤਿਗੁਰ ਸ਼ਬਦ ਤੇ ਵਿਸ਼ਵਾਸ਼" ਕਿਹੜੀ ਮੰਜਲ ਦੀ ਕਲਾਸ ਹੈ ?

੮੧) 'ਗੁਰਸਿਖ ਓਹ ਨਾ ਆਖੀਏ, ਗੁਰ ਸੰਗਤ ਵਿਚ .......... ਬਹਿ ਬਹਿ ਆਪਣਾ ਰੂਪ ਪ੍ਰਗਟਾਏ ।'

੮੨) "............. ਦੁੱਖ ਭੁੱਖ ਚਿੰਤਾ ਗ਼ਮੀ ਗਰੀਬੀ ਤਾਹਨੇ ਮੇਹਣੇ ਸੇ ਕਦੀ ਨਹੀਂ ਡਰਦੇ ਆਪਣੇ ਰੰਗ ਵਿਚ ਰਤੇ ਰਹਿੰਦੇ ਹਨ ।"

੮੩) ਜੇ ਗੁਰਮੁਖ ਬਣਨਾ ਤੇ ਹੁਕਮ ਮੰਨਣਾ ਧੁਰਦਰਗਾਹੀ, ਦੂਜਾ ਭੈ ਨਾ ਕੋਇ ਵਖਾਈਆ । ਜੇ .......... ਬਣਨਾ ਆਪਣਾ ਆਪ ਨਛਾਵਰ ਦੇਣਾ ਕਰਾਈ, ਤਨ ਵਜੂਦ ਦੀ ਲੋੜ ਰਹੇ ਨਾ ਰਾਈਆ ।

੮੪) "ਹਰਿ ਸੰਗਤ ਨਾ ਮੰਗੋ ..........., ਛੁੱਟੀ ਨੂੰ ਖ਼ੁਸ਼ੀ ਵਿਚ ਲਓ ਬਦਲਾਈਆ ।"

੮੫) ਗੁਰਮੁਖੋ ਨਾਲੇ ਮਰਿਆਦਾ ਸਿੱਖੋ, .......... ਸਭ ਨੂੰ ਮਿਲੇ ਸਜ਼ਾਈਆ ।"

੮੬) ਸਭ ਤੋਂ ਵੱਡੀ ਫਕੀਰੀ ਕਿਹੜੀ ਹੈ ?

੮੭) ਸਦੀ ਬੀਸਵੀਂ ਦੇ ਭਗਤੋ ........... ਆਉਣ ਵਾਸਤੇ ਕਦੀ ਮਹਿਸੂਸ ਨਾ ਕਰਿਓ ਖਰਚ, ਪੈਸਾ ਧੇਲਾ ਕੰਮ ਕਿਸੇ ਨਾ ਆਈਆ ।

੮੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਤੱਤਾਂ ਵਾਲੇ ਗੁਰੂ ਨੂੰ ਮੰਨਣ ਤੋਂ ਕਿਉਂ ਮਨਾ ਕਰਿਆ ?

੮੯) ਮਰਨ ਤੋਂ ਪਹਿਲੇ ਸਾਢੇ ਤਿੰਨ ਸਾਲ ਹੱਡਾਂ ਵਿਚ ਪੈ ਗਿਆ ਰੇਸ਼ਾ, ਤੜਫ ਤੜਫ ਕੇ ਆਪਣਾ ਆਪ ਗਵਾਈਆ । ਇਹ ਸਜਾ ਕੀਹਨਾਂ ਨੂੰ ਹੈ ?

੯੦) "ਮੇਰੇ ਕੋਲ ਬਹਿ ਕੇ ਪਹਿਲੋ ਗਾਵਣ ਪ੍ਰਭ ਦਾ ਜਸ, ਨਿਜ ਨੇਤਰ ਧਿਆਨ ਲਗਾਈਆ । ਦੋਏ ਜੋੜ ਆਪਣੀ ਅੱਗੇ ਰੱਖਣ ਆਸ, ਆਸਾ ਪ੍ਰਭ ਚਰਨ ਮਿਲਾਈਆ । ਨਿਵਣ ਪ੍ਰੀਤੀ ਕਰਨ ਹੋ ਕੇ ਦਾਸ, ਦਾਸੀ ਰੂਪ ਵਟਾਈਆ । ਰਸਨਾ ਗੌਣ ਪਵਣ ਸਵਾਸ, ਨੇਤਰ ਨੈਣ ਨੈਣ ਸ਼ਰਮਾਈਆ । ਕੌਣ ਕਹਿ ਰਿਹਾ ?

. . . . . . . . . . . . . . . . . . . . . . . . . . . . . . . . . . . . . . . .

੯੧) "ਕੂੜੀ ਕਿਰਿਆ ਮੇਟੇ ਲੀਕ, ਲਕੀਰ ਫ਼ਕੀਰ ਨਾ ਕਦੇ ਅਖਵਾਈਆ ।" ਕੌਣ ?

. . . . . . . . . . . . . . . . . . . . . . . . . . . . . . . . . . . . . . . .

੯੨) ਪ੍ਰਭ ਦੇ ਨਾਮ ਜਪਣ ਤੋਂ ਜਿਹੜੇ ਵੇਹਲੇ, ਓਨ੍ਹਾਂ . . . . . . . . ਵਿਚ ਰਖਾਇੰਦਾ ।

੯੩) "ਪ੍ਰਭੂ ਮਿਲਣ ਦਾ ਨਹੀਂ . . . . . . . . . , ਤਿਸ ਦਾ ਧੰਦਾ ਕੰਮ ਕਿਸੇ ਨਾ ਆਇਆ ।"

੯੪) "ਬਿਨਾ ਗੁਰਸਿੱਖਾਂ ਸਤਿਗੁਰ ਦੀ ਸਾਰੇ ਕਰਦੇ ਬਦਨਾਮੀ, ਜੋ ਪੜ੍ਹ ਕੇ ਸੁਣ ਕੇ ਰਸਤਾ ਜਾਣ ਭੁਲਾਈਆ । ਓਹ ਗੁਰਮੁਖ ਨਹੀਂ ਗੁਰੂ ਘਰ ਦੇ . . . . . . . . . . , ਨਾਦੀ ਸੁਤ ਨਾ ਕੋਈ ਅਖਵਾਈਆ । ਭਾਵੇਂ ਪੰਡਤ ਹੋਵੇ ਭਾਵੇਂ ਹੋਵੇ ਗਿਆਨੀ, ਇਸ਼ਨਾਨੀ ਸਾਰ ਕੋਇ ਨਾ ਆਈਆ ।"

੯੫) ਕੋਈ ਇਕ ਸਵਾਲ ਜਾਂ ਸੁਝਾਓ ਲਿਖੋ ।

. . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . .